
8-Dec-BTD-Pages.qxd 12/8/2024 10:14 PM Page 2



## ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

**ਰੇਡੀਓ**



ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ **9 ਦਸੰਬਰ** ਨੂੰ ਸ਼ਾਮ 4.00 ਤੋਂ 6.00 ਵਜੇ ਤੱਕ **ਭਾਈ ਸ਼ੌਕੀਨ ਸਿੰਘ** ਅਤੇ **10 ਦਸੰਬਰ** ਨੂੰ ਸਵੇਰੇ 4.00 ਤੋਂ 6.00 ਵਜੇ ਤੱਕ **ਭਾਈ ਦਵਿੰਦਰ ਸਿੰਘ** 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

**ਪੀ. ਟੀ. ਸੀ.**

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ **9 ਦਸੰਬਰ** ਨੂੰ ਸ਼ਾਮ 4.30 ਤੋਂ 6.30 ਵਜੇ ਤੱਕ **ਭਾਈ ਸ਼ੌਕੀਨ ਸਿੰਘ** ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਸਾਹਿਬ ਸਿੰਘ** ਤੇ **10 ਦਸੰਬਰ** ਨੂੰ ਸਵੇਰੇ 4.00 ਵਜੇ ਤੋਂ 7.45 ਵਜੇ ਤੱਕ **ਭਾਈ ਦਵਿੰਦਰ ਸਿੰਘ** ਅਤੇ **ਭਾਈ ਗੁਰਸੇਵਕ ਸਿੰਘ** ਕੀਰਤਨ ਕਰਨਗੇ।

**ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ ਸਵੇਰੇ 4.00 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 5.30 ਵਜੇ ਤੋਂ 7.30 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।**

ਮੁੱਖ ਵਾਕ ਦੀ ਕਥਾ : **9 ਦਸੰਬਰ ਨੂੰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਤੇ 10 ਦਸੰਬਰ ਨੂੰ ਗਿਆਨੀ ਗੁਰਲਾਲ ਸਿੰਘ ਮੀਰਕੋਟ, ਗੁ: ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।**



ਪਿੰਡ ਫੱਲੜ੍ਹ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣਦੇ ਹੋਏ ਡੀ.ਐਸ.ਪੀ. ਬਠਿੰਡਾ ਸਪੈਸ਼ਲ ਕ੍ਰਾਈਮ ਕਰਮਜੀਤ ਸਿੰਘ। ਤਸਵੀਰ: ਸੁਖਤੇਜ ਧਾਲੀਵਾਲ

# ਡੀ.ਐਸ.ਪੀ. ਕ੍ਰਾਈਮ ਬਠਿੰਡਾ ਨੇ ਲੋਕਾਂ ਨਾਲ ਨਸ਼ਿਆਂ ਸੰਬੰਧੀ ਕੀਤੀ ਜਨਤਕ ਮੀਟਿੰਗ

ਸੰਗਤ ਮੰਡੀ, 8 ਦਸੰਬਰ (ਸੁਖਤੇਜ ਧਾਲੀਵਾਲ)- ਬਲਾਕ ਸੰਗਤ ਦੇ ਪਿੰਡ ਫੱਲੜ੍ਹ (ਜੋਧਪੁਰ ਬੱਗਾ ਸਿੰਘ) ਦੇ ਗੁਰਦੁਆਰਾ ਸਾਹਿਬ ਵਿਖੇ ਥਾਣਾ ਸੰਗਤ ਦੀ ਪੁਲਿਸ ਵਲੋਂ ਨਸ਼ਿਆਂ ਵਿਰੁੱਧ ਵਿੱਢੀ ਜਾਗਰੂਕਤਾ ਮੁਹਿੰਮ ਵਿਚ ਡੀ.ਐਸ.ਪੀ. ਬਠਿੰਡਾ ਸਪੈਸ਼ਲ ਕ੍ਰਾਈਮ ਕਰਮਜੀਤ ਸਿੰਘ ਵਲੋਂ ਵਿਸ਼ੇਸ਼ ਤੌਰ 'ਤੇ ਪੁੱਜ ਕੇ ਨਸ਼ੇ ਸੰਬੰਧੀ ਲੋਕਾਂ ਨਾਲ ਜਨਤਕ ਮੀਟਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਜੁੜੇ ਲੋਕਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਮੌਕੇ ਪਿੰਡ ਵਾਸੀਆਂ ਵਲੋਂ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਪੁਲਿਸ ਦੀ ਮਦਦ ਨਾਲ ਪਿੰਡ ਨੂੰ ਨਸ਼ਾ ਮੁਕਤ ਕਰਨ ਲਈ ਕੋਈ ਕਸਰ ਨਹੀਂ ਛੱਡਣਗੇ। ਪਿੰਡ ਦੇ ਪੰਚਾਇਤ ਮੈਂਬਰ ਚਰਨਜੀਤ ਸਿੰਘ ਨੇ ਡੀਐਸਪੀ ਦੀ ਹਾਜ਼ਰੀ ਚ ਕਿਹਾ ਕਿ ਪਿੰਡ ਵਿੱਚ ਕਿਸੇ ਵੀ ਨਸ਼ਾ ਤਸਕਰ ਨੂੰ ਨਸ਼ੇ ਦੀ ਵਿੱਕਰੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਅਤੇ ਜੇਕਰ ਕੋਈ ਵੀ ਵਿਅਕਤੀ ਨਸ਼ਾ ਵੇਚਣ ਦਾ ਧੰਦਾ ਕਰਦਾ ਪਾਇਆ ਗਿਆ ਤਾਂ ਉਸ ਨੂੰ ਫੜਕੇ ਪੁਲਿਸ ਦੇ ਹਵਾਲੇ ਕਰ ਦਿੱਤਾ ਜਾਵੇਗਾ। ਉਨ੍ਹਾਂ ਡੀ.ਐਸ.ਪੀ. ਨੂੰ ਅਪੀਲ ਕੀਤੀ ਕਿ ਉਹ ਨਸ਼ੇ ਦੇ ਤਸਕਰਾਂ ਦੇ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ। ਇਸ ਮੌਕੇ ਡੀ.ਐਸ.ਪੀ. ਨੇ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਵਾਇਆ ਕਿ ਉਹ ਨਸ਼ੇ ਦੇ ਸੌਦਾਗਰਾਂ ਤੇ ਸਖ਼ਤ ਕਾਰਵਾਈ ਕਰਨਗੇ ਅਤੇ ਇਨ੍ਹਾਂ ਨੂੰ ਫੜ ਕੇ ਸਲਾਖ਼ਾਂ ਪਿੱਛੇ ਦੇਣਗੇ ਤੇ ਕਿਸੇ ਵੀ ਕੀਮਤ ਤੇ ਪਿੰਡਾਂ ਅੰਦਰ ਨਸ਼ੇ ਦੀ ਵਿਕਰੀ ਨਹੀਂ ਹੋਣ ਦਿੱਤੀ ਜਾਵੇਗੀ। ਇਸ ਮੌਕੇ ਥਾਣਾ ਸੰਗਤ ਦੇ ਸਹਾਇਕ ਥਾਣੇਦਾਰ ਕਰਮਵੀਰ ਸਿੰਘ, ਸਾਂਝ ਕੇਂਦਰ ਸੰਗਤ ਦੇ ਮੁਲਾਜ਼ਮ ਜਸਪ੍ਰੀਤ ਸਿੰਘ, ਚੌਕੀ ਪਥਰਾਲਾ ਦੇ ਗੁਰਵਿੰਦਰ ਸਿੰਘ ਤੋਂ ਇਲਾਵਾ ਪਿੰਡ ਦੇ ਸਰਪੰਚ ਨਿੰਦਰ ਸਿੰਘ, ਪੰਚ ਬਲਜਿੰਦਰ ਸਿੰਘ, ਪੰਚ ਗੁਰਦੀਪ ਸਿੰਘ, ਪੰਚ ਜਸਵਿੰਦਰ ਸਿੰਘ, ਪੰਚ ਕੁਲਦੀਪ ਕੌਰ, ਪੰਚ ਅਮਨਦੀਪ ਕੌਰ, ਪੰਚ ਪੱਪੂ ਸਿੰਘ, ਪੰਚ ਕਰਮਜੀਤ ਕੌਰ, ਹਰਦੀਪ ਸਿੰਘ ਹੀਰਾ ਆਦਿ ਪਿੰਡ ਵਾਸੀ ਹਾਜ਼ਰ ਸਨ।

# ਰਾਮਪੁਰਾ ਫੂਲ ਵਿਖੇ ਪਲਸ ਪੋਲੀਓ ਮੁਹਿੰਮ ਹੇਠ ਬੱਚਿਆਂ ਨੂੰ ਪੋਲੀਓ ਰੋਧਕ ਬੂੰਦਾਂ ਪਿਲਾਈਆਂ

ਰਾਮਪੁਰਾ ਫੂਲ, 8 ਦਸੰਬਰ (ਹੇਮੰਤ ਕੁਮਾਰ ਸ਼ਰਮਾ)- ਸਿਹਤ ਵਿਭਾਗ ਪੰਜਾਬ ਵਲੋਂ ਸੂਬੇ ਨੂੰ ਲਗਾਤਾਰ ਪੋਲੀਓ ਮੁਕਤ ਸੂਬਾ ਬਣਾਈ ਰੱਖਣ ਦੇ ਮਨਸੂਬੇ ਤਹਿਤ ਰਾਮਪੁਰਾ ਫੂਲ ਵਿਖੇ ਪੋਲੀਓ ਰੋਕੂ ਬੂੰਦਾਂ ਪਿਲਾ ਕੇ ਤਿੰਨ ਰੋਜ਼ਾ ਪਲਸ ਪੋਲੀਓ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਸ਼ੁਰੂਆਤ ਮੌਕੇ ਉਨ੍ਹਾਂ ਨਾਲ ਬਲਾਕ ਐਜੂਕੇਟਰ ਜਗਤਾਰ ਸਿੰਘ ਵੀ ਮੌਜੂਦ ਸਨ। ਇਸ ਮੁਹਿੰਮ ਸਬੰਧੀ ਜਾਣਕਾਰੀ ਦਿੰਦਿਆਂ ਐਸ.ਐਮ.ਓ. ਡਾ. ਗੁਰਮੇਲ ਸਿੰਘ ਨੇ ਕਿਹਾ ਕਿ ਬਲਾਕ ਦੇ 31 ਪਿੰਡਾਂ ਵਿਚ 64 ਬੂਥ ਬਣਾਏ ਗਏ ਹਨ ਅਤੇ ਬੱਸ ਸਟੈਂਡ ਰਾਮਪੁਰਾ ਵਿਖੇ 1 ਟ੍ਰਾਜਿਟ ਟੀਮ ਲਗਾਈ ਗਈ ਹੈ ਅਤੇ 2 ਮੋਬਾਇਲ ਟੀਮਾਂ ਦਾ ਗਠਨ ਕੀਤਾ ਗਿਆ ਹੈ। ਇਨ੍ਹਾਂ ਟੀਮਾਂ ਵਿਚ 176 ਕਰਮਚਾਰੀ ਅਤੇ ਬਹੁਤ ਸਾਰੇ ਸਮਾਜ ਸੇਵੀ ਸਮੇਤ ਐਨ.ਜੀ.ਓ. ਲਗਾਏ ਗਏ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਵੀ ਕੀਤੀ ਗਈ ਕਿ ਉਹ ਆਪਣੇ 0 ਤੋਂ 05 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਨਜ਼ਦੀਕੀ ਪੋਲੀਓ ਬੂਥ 'ਤੇ ਲਿਜਾ ਕੇ ਪੋਲੀਓ ਰੋਧਕ ਬੂੰਦਾਂ ਪਿਲਾਉਣ ਅਤੇ ਸਿਹਤ ਵਿਭਾਗ ਦੁਆਰਾ ਗਠਿਤ ਟੀਮਾਂ ਦਾ ਪੂਰਨ ਸਹਿਯੋਗ ਕਰਨ ਤਾਂ ਜੋ ਇਸ ਮੁਹਿੰਮ ਨੂੰ ਪੂਰਨ ਰੂਪ ਵਿੱਚ ਸਫਲ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਸਾਰੇ ਸ਼ਹਿਰੀ ਖੇਤਰਾਂ ਅਤੇ ਪਿੰਡਾਂ ਵਿਚ 0 ਤੋਂ 5 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਣ ਦੀ ਮੁਹਿੰਮ ਦੀ ਸ਼ੁਰੂਆਤ ਦੌਰਾਨ ਪਹਿਲੇ ਦਿਨ ਬੂਥਾਂ ਤੇ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ ਹਨ। ਡਾ. ਗੁਰਮੇਲ ਸਿੰਘ ਦੱਸਿਆ ਕਿ ਤਿੰਨ ਦਿਨ ਚੱਲਣ ਵਾਲੀ ਇਸ ਮੁਹਿੰਮ ਦੌਰਾਨ ਅੱਜ ਪਹਿਲੇ ਦਿਨ ਬਲਾਕ ਬਾਲਿਆਂਵਾਲੀ ਦੇ ਵੱਖ-ਵੱਖ ਬੂਥਾਂ 'ਤੇ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾ ਰਹੀਆਂ ਹਨ। ਜਿਹੜੇ 5 ਸਾਲ ਤੱਕ ਦੇ ਬੱਚੇ ਅੱਜ ਪੋਲੀਓ ਬੂੰਦਾਂ ਪੀਣ ਤੋਂ ਰਹਿ ਗਏ ਉਨ੍ਹਾਂ ਨੂੰ 9 ਦਸੰਬਰ ਤੇ 10 ਦਸੰਬਰ ਨੂੰ ਘਰਾਂ ਵਿੱਚ ਜਾ ਕੇ ਸਿਹਤ ਵਿਭਾਗ ਦੀਆਂ 120 ਟੀਮਾਂ ਵਲੋਂ ਪੋਲੀਓ ਬੂੰਦਾਂ ਪਿਲਾਈਆਂ ਜਾਣਗੀਆਂ।



ਰਾਮਪੁਰਾ ਫੂਲ ਦੇ ਬੱਸ ਸਟੈਂਡ ਵਿਖੇ ਪੋਲੀਓ ਬੂੰਦਾਂ ਪਿਲਾਉਂਦੇ ਹੋਏ ਐਸ.ਐਮ.ਓ. ਡਾ. ਗੁਰਮੇਲ ਸਿੰਘ ਅਤੇ ਸਿਹਤ ਸਟਾਫ਼। ਤਸਵੀਰ: ਹੇਮੰਤ ਸ਼ਰਮਾ



ਬੱਚਿਆਂ ਨੂੰ ਪੋਲੀਓ ਦਵਾਈ ਪਿਲਾਉਂਦੇ ਹੋਏ ਸਿਹਤ ਵਿਭਾਗ ਦੇ ਮੁਲਾਜ਼ਮ। ਤਸਵੀਰ: ਤਰਸੇਮ ਸਿੰਗਲਾ

# 5 ਸਾਲ ਤੱਕ ਦੇ 790 ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ

ਰਾਮਾਂ ਮੰਡੀ, 8 ਦਸੰਬਰ (ਤਰਸੇਮ ਸਿੰਗਲਾ)- ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਸਿਵਲ ਸਰਜਨ ਡਾਕਟਰ ਰਮਨਦੀਪ ਸਿੰਗਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਐਸ.ਐਮ.ਓ. ਰਾਮਾਂ ਡਾਕਟਰ ਗੁਰਜੀਤ ਸਿੰਘ ਦੀ ਅਗਵਾਈ ਹੇਠ ਰਾਮਾਂ ਮੰਡੀ ਦੇ ਮੇਨ ਸਿਵਲ ਹਸਪਤਾਲ ਸਮੇਤ ਵੱਖ ਵੱਖ ਜਨਤਕ ਥਾਵਾਂ 'ਤੇ 12 ਬੂਥ 'ਤੇ ਲਗਾ ਕੇ ਇਕ ਨੋਡਲ ਅਫ਼ਸਰ ਡਾ.ਰੀਸੂ ਗਰਗ ਅਤੇ ਤਿੰਨ ਸੁਪਰਵਾਈਜ਼ਰਾਂ ਰਾਜਨਦੀਪ ਕੌਰ ਫਾਰਮੇਸੀ ਅਫ਼ਸਰ, ਜਗਦੀਸ਼ ਕੌਰ ਐਲਐਚਵੀ, ਮਨਪ੍ਰੀਤ ਸਿੰਘ ਰੇਡੀਓਗ੍ਰਾਫਰ ਵਲੋਂ ਸਟਾਫ਼ ਦੇ ਸਹਿਯੋਗ ਨਾਲ ਅੱਜ 5 ਸਾਲ ਦੇ 790 ਬੱਚਿਆਂ ਨੂੰ ਪਲਸ ਪੋਲੀਓ ਦਵਾਈ ਮੁਫ਼ਤ ਪਿਲਾਈ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਪਰਵਾਈਜ਼ਰ ਰਾਜਨਦੀਪ ਕੌਰ ਫਾਰਮੇਸੀ ਅਫ਼ਸਰ ਨੇ ਦੱਸਿਆ ਕਿ ਜੋ ਬੱਚੇ ਕਿਸੇ ਮਜਬੂਰੀ ਕਾਰਨ ਬੂਥਾਂ ਤੇ ਨਹੀਂ ਪਹੁੰਚ ਸਕੇ ਉਨ੍ਹਾਂ ਨੂੰ ਸਿਹਤ ਟੀਮਾਂ ਵਲੋਂ ਦੋ ਦਿਨ ਲਗਾਤਾਰ ਘਰ ਘਰ ਜਾ ਕੇ ਪਲਸ ਪੋਲੀਓ ਦਵਾਈ ਪਿਲਾਈ ਜਾਵੇਗੀ। ਉਨ੍ਹਾਂ ਲੋਕਾਂ ਨੂੰ ਬੇਨਤੀ ਕਰਦੇ ਹੋਏ ਕਿਹਾ ਕਿ ਜਿੱਥੇ ਸਰਕਾਰ ਪਲਸ ਪੋਲੀਓ ਦੀ ਮਹਿੰਗੀ ਦਵਾਈ ਮੁਫ਼ਤ ਮੁਹੱਈਆ ਕਰਵਾ ਕੇ ਆਪਣਾ ਫ਼ਰਜ਼ ਪੂਰਾ ਕਰ ਰਹੀ ਹੈ ਉੱਥੇ ਲੋਕਾਂ ਨੂੰ ਵੀ ਆਪਣੇ ਬੱਚਿਆਂ ਨੂੰ ਦਵਾਈ ਪਿਲਾਉਣ ਲਈ ਆਪਣਾ ਫ਼ਰਜ਼ ਪੂਰਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਾਪਿਆਂ ਦੀ ਇਕ ਗ਼ਲਤੀ ਉਨ੍ਹਾਂ ਦੇ ਬੱਚੇ ਨੂੰ ਜ਼ਿੰਦਗੀ ਭਰ ਲਈ ਅਪਾਹਜ ਬਣਾ ਸਕਦੀ ਹੈ।

## ਜਨਮ ਦਿਨ ਮੁਬਾਰਕ



ਗੁਰਵੰਸ਼ ਗੁਰੂ
ਪਿਤਾ: ਅਮਨਦੀਪ ਸਿੰਘ
ਮਾਤਾ: ਰਾਜਵੀਰ ਕੌਰ
ਵਾਸੀ: ਜੱਸੀ ਪੌ ਵਾਲੀ (ਬਠਿੰਡਾ)



ਕੁੰਵਰ ਪ੍ਰਤਾਪ ਸਿੰਘ ਖੋਖਰ
ਪਿਤਾ: ਖੁਸ਼ਵਿੰਦਰ ਸਿੰਘ ਕੈਨੇਡਾ
ਮਾਤਾ: ਅਮਨਦੀਪ ਕੌਰ ਖੋਖਰ
ਵਾਸੀ: ਭਗਤਾ ਭਾਈਕਾ (ਬਠਿੰਡਾ)



ਮਨਸੀਰਤ ਕੌਰ
ਪਿਤਾ: ਰਮਨਦੀਪ ਸਿੰਘ
ਮਾਤਾ: ਸਤਵੀਰਪਾਲ ਕੌਰ
ਵਾਸੀ: ਤਲਵੰਡੀ ਸਾਬੋ (ਬਠਿੰਡਾ)



ਕੈਂਪ ਦਾ ਉਦਘਾਟਨ ਕਰਦੇ ਹੋਏ ਪਿੰਡ ਦੇ ਮੋਹਤਵਰ। ਤਸਵੀਰ : ਲਕਵਿੰਦਰ ਸ਼ਰਮਾ

# ਪਿੰਡ ਨਥੇਹਾ ਦੀ ਪੰਚਾਇਤ ਨੇ ਅੱਖਾਂ ਦਾ ਕੈਂਪ ਲਾ ਕੇ ਪਿੰਡ ਲਈ ਕੰਮ ਕੀਤਾ ਸ਼ੁਰੂ

ਸੀਂਗੋ ਮੰਡੀ, 8 ਦਸੰਬਰ (ਲਕਵਿੰਦਰ ਸ਼ਰਮਾ) - ਕਸਬੇ ਦੇ ਪਿੰਡ ਨਥੇਹਾ ਦੀ ਪੰਚਾਇਤ ਨੇ ਪਿੰਡ ਦਾ ਕਾਰਜ ਸੰਭਾਲਣ ਤੋਂ ਬਾਅਦ ਕੰਮਾਂ ਦੀ ਸ਼ੁਰੂਆਤ ਸਰਪੰਚ ਰਾਜ ਰਾਣੀ ਤੇ ਸਮਾਜ ਸੇਵੀ ਆਗੂ ਸੁਖਪਾਲ ਸਿੰਘ ਦੀ ਅਗਵਾਈ 'ਚ ਪਿੰਡ ਵਾਸੀਆਂ ਲਈ ਮੁਫ਼ਤ ਅੱਖਾਂ ਦਾ ਕੈਂਪ ਬਾਬਾ ਰਾਮਦੇਵ ਜੀ ਦੇ ਮੰਦਿਰ 'ਤੇ ਲਾ ਕੇ ਪਿੰਡ ਵਿਚ ਕੰਮ ਕਰਨ ਦੀ ਸ਼ੁਰੂਆਤ ਕੀਤੀ ਗਈ। ਜਿਸ ਵਿਚ ਰਾਮਾਂ ਮੰਡੀ ਦੇ ਏਕਜੋਤ ਅੱਖਾਂ ਦੇ ਹਸਪਤਾਲ ਦੇ ਡਾਕਟਰ ਇਮਰਾਨ ਖਾਨ ਸਮੇਤ ਪੀ.ਆਰ.ਓ ਮਲਕੀਤ ਸਿੰਘ ਅਤੇ ਸਟਾਫ਼ ਨੇ ਆਪਣੀਆਂ ਸੇਵਾਵਾਂ ਦਿੱਤੀਆਂ, ਜਿਸ ਵਿਚ 375 ਮਰੀਜ਼ਾਂ ਦੀ ਜਾਂਚ ਕੀਤੀ ਅਤੇ ਸੈਂਕੜੇ ਮਰੀਜ਼ਾਂ ਦੇ ਮੁਫ਼ਤ ਅਪਰੇਸ਼ਨ ਕਰਨ ਲਈ ਛਾਂਟੇ ਗਏ, ਜਿਸ ਦਾ ਰਾਮਾਂ ਮੰਡੀ ਦੇ ਜੈਨ ਹਸਪਤਾਲ ਵਿਚ ਮੁਫ਼ਤ ਅਪਰੇਸ਼ਨ ਕੀਤਾ ਜਾਵੇਗਾ। ਇਸ ਮੌਕੇ ਸਰਪੰਚ ਰਾਜ ਰਾਣੀ ਨੇ ਦੱਸਿਆ ਕਿ ਸਮੁੱਚੀ ਪੰਚਾਇਤ ਵਲੋਂ ਪਿੰਡ ਦੇ ਵਿਕਾਸ ਕਾਰਜਾਂ ਦੀ ਲੜੀ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਸਮਾਜ ਸੇਵਾ ਦਾ ਕੰਮ ਅੱਖਾਂ ਦਾ ਮੁਫ਼ਤ ਕੈਂਪ ਲਾ ਕੇ ਕੀਤਾ ਗਿਆ। ਜਿਸ ਵਿਚ ਪਿੰਡ ਨਥੇਹਾ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਲਈ ਮੁਫ਼ਤ ਅੱਖਾਂ ਦੀ ਚੈੱਕਅਪ, ਐਨਕਾਂ, ਦਵਾਈਆਂ ਦਿੱਤੀਆਂ ਗਈਆਂ, ਜਦੋਂ ਕਿ ਛਾਂਟੇ ਮਰੀਜ਼ਾਂ ਦੇ ਅਪਰੇਸ਼ਨ ਮੁਫ਼ਤ ਕੀਤੇ ਜਾਣਗੇ, ਜਿਸ ਦਾ ਸਾਰਾ ਖਰਚਾ ਪੰਚਾਇਤ ਵਲੋਂ ਕੀਤਾ ਜਾਵੇਗਾ। ਜਿਸ ਦੀ ਸਮਾਜ ਸੇਵੀ ਆਗੂ ਸੁਖਪਾਲ ਸਿੰਘ, ਚਰਨਜੀਤ ਸਿੰਘ ਪੰਚ, ਮਲਕੀਤ ਸਿੰਘ ਪੰਚ, ਪਰਮਜੀਤ ਕੌਰ ਪੰਚ, ਕਿਰਨਪਾਲ ਕੌਰ ਪੰਚ, ਸ਼ਿੰਦਰਪਾਲ ਕੌਰ ਪੰਚ, ਜਗਦੇਵ ਸਿੰਘ ਪੰਚ, ਭੋਲਾ ਸਿੰਘ ਪੰਚ, ਨਾਜ਼ਰ ਰਾਮ ਪੰਚ, ਡਾ. ਨਛੱਤਰ ਸਿੰਘ ਨਥੇਹਾ, ਜਸਵੀਰ ਸਿੰਘ ਚਾਹਲ, ਪਰਮਜੀਤ ਸਿੰਘ ਥਾਣੇਦਾਰ, ਸਾਬਕਾ ਸਰਪੰਚ ਪਵਨ ਕੁਮਾਰ ਨੇ ਸ਼ਲਾਘਾ ਕੀਤੀ। ਉਧਰ ਕੈਂਪ ਦੀ ਸ਼ਲਾਘਾ ਸਾਬਕਾ ਡੀ.ਆਈ.ਜੀ. ਹਰਿੰਦਰ ਸਿੰਘ ਚਾਹਲ, ਸਾਬਕਾ ਸਰਪੰਚ ਜਗਸੀਰ ਸਿੰਘ, ਮਹੰਤ ਜਰਨੈਲ ਸਿੰਘ ਮਿੱਠੂ ਨੇ ਵੀ ਕੀਤੀ। ਇਸ ਮੌਕੇ ਲੰਗਰ ਦਾ ਪ੍ਰਬੰਧ ਪੰਚਾਇਤ ਵਲੋਂ ਕੀਤਾ, ਪਰ ਇਸ ਨੂੰ ਬਣਾਉਣ ਅਤੇ ਛਕਾਉਣ ਦੀ ਸੇਵਾ ਦਾ ਪ੍ਰਬੰਧ ਰਾਮਦੇਵ ਮੰਦਿਰ ਦੀ ਕਮੇਟੀ ਵਲੋਂ ਕੀਤਾ ਗਿਆ। ਕੈਂਪ ਦੇ ਅਖੀਰ ਵਿਚ ਪਿੰਡ ਨਥੇਹਾ ਦੀ ਸਰਪੰਚ ਅਤੇ ਪੰਚਾਇਤ ਨੇ ਕੈਂਪ ਵਿਚ ਯੋਗਦਾਨ ਪਾਉਣ ਵਾਲੇ ਡਾ: ਇਮਰਾਨ ਖਾਨ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਸਮੇਤ ਪਿੰਡ ਦੀ ਮੰਦਿਰ ਕਮੇਟੀ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਗੁਰਦੀਪ ਸਿੰਘ, ਸੰਦੀਪ ਸਿੰਘ, ਗੁਰਪ੍ਰੀਤ ਸਿੰਘ, ਮਨੀ ਸਿੰਘ ਪਿੰਡ ਦੇ ਨੌਜਵਾਨਾਂ ਨੇ ਕੈਂਪ ਨੂੰ ਸਫਲ ਬਣਾਉਣ ਲਈ ਪੂਰਾ ਯੋਗਦਾਨ ਦਿੱਤਾ।



ਸਾਬਕਾ ਵਿਧਾਇਕ ਜੀਤਮਹਿੰਦਰ ਸਿੱਧੂ ਨਾਲ ਮੁਲਾਕਾਤ ਸਮੇਂ ਮੋਹਤਬਰ ਆਗੂ। ਤਸਵੀਰ- ਪ੍ਰਿੰਸ ਗਰਗ

# ਮੁਹਤਬਰ ਆਗੂਆਂ ਨੇ ਸਾਬਕਾ ਵਿਧਾਇਕ ਸਿੱਧੂ ਨਾਲ ਕੀਤੀ ਮੁਲਾਕਾਤ, ਕਈ ਮਸਲੇ ਵਿਚਾਰੇ

ਸੀਂਗੋ ਮੰਡੀ, 8 ਦਸੰਬਰ (ਪ੍ਰਿੰਸ ਗਰਗ)-ਨੇੜਲੇ ਪਿੰਡ ਗਾਟਵਾਲੀ ਦੇ ਨਵੇਂ ਚੁਣੇ ਗਏ ਪੰਚਾਇਤ ਮੈਂਬਰ ਹਰਪਾਲ ਸਿੰਘ ਗਿੱਲ ਸਮੇਤ ਖ਼ਿੱਤੇ ਦੇ ਕੁਝ ਮੁਹਤਬਰਾਂ ਵਲੋਂ ਅੱਜ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਹਲਕੇ ਤੋਂ ਚਾਰ ਵਾਰ ਵਿਧਾਇਕ ਰਹਿ ਚੁੱਕੇ ਜੀਤਮਹਿੰਦਰ ਸਿੰਘ ਸਿੱਧੂ ਨਾਲ ਮੁਲਾਕਾਤ ਕਰਦਿਆਂ ਇਲਾਕੇ ਦੇ ਕਈ ਮਸਲਿਆਂ 'ਤੇ ਵੀਚਾਰ ਚਰਚਾ ਕੀਤੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹਰਪਾਲ ਸਿੰਘ ਗਾਟਵਾਲੀ ਨੇ ਦੱਸਿਆ ਕਿ ਹਲਕਾ ਤਲਵੰਡੀ ਸਾਬੋ 'ਚ ਅੱਜ ਤੱਕ ਜਿੰਨੇ ਵਿਕਾਸ ਕਾਰਜ ਹੋਏ ਉਹ ਜ਼ਿਆਦਾਤਰ ਜੀਤਮਹਿੰਦਰ ਸਿੰਘ ਸਿੱਧੂ ਦੇ ਸਮੇਂ ਦੌਰਾਨ ਹੋਏ ਅਤੇ ਇਸ ਦੀ ਗਵਾਹੀ ਪਿੰਡਾਂ 'ਚ ਉਨ੍ਹਾਂ ਵਲੋਂ ਰੱਖੇ ਉਹ ਨੀਂਹ ਪੱਥਰ ਹਨ ਜੋ ਅੱਜ ਵੀ ਮੌਜੂਦ ਹਨ। ਉਨ੍ਹਾਂ ਕਿਹਾ ਕਿ ਆਪਣੇ ਨਾਲ ਜੁੜੇ ਰਹੇ ਪਰਿਵਾਰਾਂ ਅਤੇ ਸਾਥੀਆਂ ਨੂੰ ਉਨ੍ਹਾਂ ਨੇ ਹਮੇਸ਼ਾ ਮਾਣ ਸਨਮਾਨ ਦਿੱਤਾ ਹੈ ਅਤੇ ਹੁਣ ਕਿਉਂਕਿ ਪੰਚਾਇਤ ਮੈਂਬਰ ਬਣਨ ਦੇ ਬਾਅਦ ਤੋਂ ਹੀ ਉਹ ਸਾਬਕਾ ਵਿਧਾਇਕ ਨੂੰ ਮਿਲਣ ਨਹੀ ਸਨ ਜਾ ਸਕੇ। ਇਸ ਲਈ ਮੁਲਾਕਾਤ ਕੀਤੀ ਅਤੇ ਪਿੰਡ ਦੇ ਕਈ ਅਹਿਮ ਮਸਲਿਆਂ 'ਤੇ ਵੀਚਾਰ ਚਰਚਾ ਕੀਤੀ ਹੈ। ਹਰਪਾਲ ਸਿੰਘ ਮੁਤਾਬਿਕ ਸਿੱਧੂ ਨਾਲ ਮੁਲਾਕਾਤ ਕਰਨ ਵਾਲਿਆਂ 'ਚ ਜਸਪਾਲ ਸਿੰਘ ਭੁੱਲਰ ਗਾਟਵਾਲੀ, ਜਗਦੀਪ ਸਿੰਘ ਸਾਬਕਾ ਸਰਪੰਚ ਬੁਰਜ ਢਿੱਲਵਾਂ, ਜਗਮੇਲ ਸਿੰਘ ਢਿੱਲਵਾਂ ਕਲੱਬ ਪ੍ਰਧਾਨ, ਸੰਨੀ ਢਿੱਲੋਂ ਬੁਰਜ ਢਿੱਲਵਾਂ, ਗਾਜੀ ਢਿੱਲੋਂ ਬੁਰਜ ਢਿੱਲਵਾਂ ਆਦਿ ਸ਼ਾਮਿਲ ਸਨ।



ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਂਦੇ ਹੋਏ ਸੰਤ ਨਿਰੰਕਾਰੀ ਚੈਰੀਟੇਬਲ ਟਰੱਸਟ ਦੇ ਵਰਕਰ। ਤਸਵੀਰ: ਬੁੱਟਰ

# ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਨੇ ਪੋਲੀਓ ਰੋਕੂ ਬੂੰਦਾਂ ਪਿਲਾਈਆਂ

ਕੋਟਫੱਤਾ, 8 ਦਸੰਬਰ (ਰਣਜੀਤ ਸਿੰਘ ਬੁੱਟਰ)- ਨਗਰ ਕੋਟਸ਼ਮੀਰ ਦੀ ਤਲਵੰਡੀ ਰੋਡ 'ਤੇ ਸਿਕੰਦਰ ਮੈਡੀਕਲ ਦੇ ਬਾਹਰ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਵਲੋਂ ਬੂਥ ਲਗਾ ਕੇ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ। ਕੈਂਪ ਦਾ ਉਦਘਾਟਨ ਸੇਵਾ ਦਲ ਦੇ ਇੰਚਾਰਜ ਬਲਦੇਵ ਸਿੰਘ ਨੇ ਕੀਤਾ। ਕੈਂਪ ਦੌਰਾਨ 500 ਦੇ ਕਰੀਬ ਬੱਚਿਆਂ ਨੂੰ ਪੋਲੀਓ ਦਾ ਬੂੰਦਾਂ ਪਿਲਾਈਆਂ ਗਈਆਂ। ਇਸ ਮੌਕੇ ਫਾਊਂਡੇਸ਼ਨ ਦੇ ਵੱਡੀ ਗਿਣਤੀ ਸੇਵਾਦਾਰਾਂ ਨੇ ਬਰਾਂਚ ਕੋਟਸ਼ਮੀਰ ਦੇ ਮੁਖੀ ਸੁਖਪਾਲ ਸਿੰਘ ਦੀ ਅਗਵਾਈ ਵਿਚ ਤਨੋ-ਮਨੋਂ ਸੇਵਾ ਕੀਤੀ ਤੇ ਨੰਨੇ-ਮੁੰਨੇ ਬੱਚਿਆਂ ਨੂੰ ਪੋਲੀਓ ਦੀਆਂ ਬੂੰਦਾਂ ਪਿਲਾ ਕੇ ਪੁੰਨ ਦਾ ਕੀਤਾ। ਬ੍ਰਾਂਚ ਮੁਖੀ ਸੁਖਪਾਲ ਸਿੰਘ ਨੇ ਦੱਸਿਆ ਕਿ ਸੰਤ ਨਿਰੰਕਾਰੀ ਮਿਸ਼ਨ ਵਲੋਂ ਮਾਨਵਤਾ ਦੀ ਭਲਾਈ ਲਈ ਖ਼ੂਨਦਾਨ ਕੈਂਪ, ਸਫ਼ਾਈ ਅਭਿਆਨ ਤੇ ਪੌਦੇ ਲਗਾਉਣ ਆਦਿ ਦੀਆਂ ਸੇਵਾਵਾਂ ਸਮੇਂ-ਸਮੇਂ 'ਤੇ ਨਿਭਾਈਆਂ ਜਾਂਦੀਆਂ ਹਨ। ਮਿੰਨੀ ਪ੍ਰਾਇਮਰੀ ਹੈਲਥ ਸੈਂਟਰ ਕੋਟਸ਼ਮੀਰ ਦੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਧੀਰਾ ਗੁਪਤਾ ਤੇ ਸਟਾਫ਼ ਮੈਂਬਰ ਮੈਡਮ ਲਕਸ਼ਮੀ ਨੇ ਕੈਂਪ ਵਿਚ ਆਪਣੀ ਹਾਜ਼ਰੀ ਭਰੀ। ਸੰਤ ਨਿਰੰਕਾਰੀ ਮਿਸ਼ਨ ਦੇ ਗਿਆਨੀ ਬੰਤ ਸਿੰਘ ਅਤੇ ਸੇਵਾ ਦਲ ਦੇ ਇੰਚਾਰਜ ਕੁਲਵਿੰਦਰ ਸਿੰਘ ਵੀ ਹਾਜ਼ਰ ਸਨ।


## ਵਰ੍ਹੇਗੰਢ ਮਨਾਈ



ਗੁਰਚਰਨ ਸਿੰਘ ਤੇ ਗੁਰਪ੍ਰੀਤ ਕੌਰ ਵਾਸੀ ਬਠਿੰਡਾ ਨੇ ਵਿਆਹ ਦੀ 35ਵੀਂ ਵਰ੍ਹੇਗੰਢ ਮਨਾਈ।



ਸ਼ਾਮ ਸੁੰਦਰ ਅਤੇ ਬਬੀਤਾ ਜਿੰਦਲ ਵਾਸੀ ਬਠਿੰਡਾ ਨੇ ਆਪਣੇ ਵਿਆਹ ਦੀ 25ਵੀਂ ਵਰ੍ਹੇਗੰਢ ਮਨਾਈ।



ਨਿਰਮਲ ਸਿੰਘ ਨਿੰਮੀ ਅਤੇ ਕਾਂਤਾ ਦੇਵੀ ਵਾਸੀ ਪਿੰਡ ਕਰਾੜਵਾਲਾ (ਬਠਿੰਡਾ) ਨੇ ਆਪਣੇ ਵਿਆਹ ਦੀ 20ਵੀਂ ਵਰ੍ਹੇਗੰਢ ਮਨਾਈ।

# ਮੁੱਖ ਮੰਤਰੀ ਤੇ ਵਿੱਤ ਮੰਤਰੀ ਸੈਨੀਟੇਸ਼ਨ ਵਿਭਾਗ ਦੇ ਮੋਟੀਵੇਟਰਾਂ ਦਾ ਵਾਅਦਾ ਪੂਰਾ ਕਰਨ- ਸਿਕੰਦਰ ਸਿੰਘ/ਰਾਮ ਸਿੰਘ

ਰਾਮਪੁਰਾ ਫੂਲ, 8 ਦਸੰਬਰ (ਹੇਮੰਤ ਕੁਮਾਰ ਸ਼ਰਮਾ)- ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਮੋਟੀਵੇਟਰ ਲੰਬੇ ਸਮੇਂ ਤੋਂ ਸਰਕਾਰ ਦੀ ਮਿਹਰਬਾਨੀ ਦੀ ਉਡੀਕ ਕਰ ਰਹੇ ਹਨ। ਜਾਣਕਾਰੀ ਦਿੰਦਿਆਂ ਬਲਾਕ ਰਾਮਪੁਰਾ ਦੇ ਮੋਟੀਵੇਟਰ ਅਤੇ ਮੋਟੀਵੇਟਰ ਯੂਨੀਅਨ ਦੇ ਜ਼ਿਲ੍ਹਾ ਜਰਨਲ ਸਕੱਤਰ ਸਿਕੰਦਰ ਸਿੰਘ ਅਤੇ ਪ੍ਰੈਸ ਸਕੱਤਰ ਰਾਮ ਸਿੰਘ ਕਲਿਆਣ ਨੇ ਦੱਸਿਆ ਕਿ ਮੋਟੀਵੇਟਰਾਂ ਦੇ ਹੱਕ ਵਿਚ ਕਾਂਗਰਸ ਸਰਕਾਰ ਸਮੇਂ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਵਲੋਂ ਮਲੇਰਕੋਟਲਾ ਨਜ਼ਦੀਕ ਲੱਗੇ ਮੋਟੀਵੇਟਰਾਂ ਦੇ ਧਰਨੇ ਵਿਚ ਸ਼ਾਮਿਲ ਹੋ ਕੇ ਉਨ੍ਹਾਂ ਦੀਆ ਮੰਗਾਂ ਨੂੰ ਜਾਇਜ਼ ਦੱਸਦਿਆਂ ਤੱਤਕਾਲੀ ਕਾਂਗਰਸ ਸਰਕਾਰ ਨੂੰ ਮੋਟੀਵੇਟਰਾਂ ਦੀਆਂ ਮੰਗਾਂ ਨੂੰ ਪੂਰੀਆਂ ਕਰਨ ਲਈ ਵੰਗਾਰਿਆ ਸੀ ਅਤੇ ਆਪ ਸਰਕਾਰ ਬਣਨ ਉਪਰੰਤ ਮੋਟੀਵੇਟਰਾਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨ ਦਾ ਵਾਅਦਾ ਕੀਤਾ ਸੀ ਜੋ ਅੱਜ ਤੱਕ ਪੂਰਾ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ 2023 ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੋਟੀਵੇਟਰਾ ਨੂੰ ਲੋਹੜੀ ਦਾ ਤੋਹਫ਼ਾ ਦਿੰਦੇ ਹੋਏ ਪੱਕੇ ਰੁਜ਼ਗਾਰ ਦਾ ਐਲਾਨ ਕੀਤਾ ਸੀ ਜਿਸ ਉੱਪਰ ਕੋਈ ਅਮਲ ਨਹੀਂ ਹੋਇਆ। ਰੋਸ ਪ੍ਰਦਰਸ਼ਨ ਪਿੱਛੋਂ ਬੀਤੀ 19 ਨਵੰਬਰ ਨੂੰ ਜਲ ਸਪਲਾਈ ਮੰਤਰੀ ਹਰਦੀਪ ਸਿੰਘ ਮੁੰਡੀਆਂ ਨਾਲ ਜਥੇਬੰਦੀ ਆਗੂਆਂ ਦੀ ਮੀਟਿੰਗ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ਜੋ ਬੇਸਿੱਟਾ ਰਹੀ। ਮੋਟੀਵੇਟਰਾ ਵਲੋਂ 10 ਦਸੰਬਰ ਨੂੰ ਗੁਪਤ ਐਕਸ਼ਨ ਦਾ ਐਲਾਨ ਕੀਤਾ ਗਿਆ ਹੈ। ਮੋਟੀਵੇਟਰਾ ਦੀ ਮੰਗ ਹੈ ਕਿ ਮੁੱਖ ਮੰਤਰੀ ਪੰਜਾਬ ਵਲੋਂ ਕੀਤੇ ਵਾਅਦੇ ਅਨੁਸਾਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਦੀ ਗੂਗਲ ਸੀਟ ਅਨੁਸਾਰ ਵਿਸ਼ੇਸ਼ ਪਾਲਿਸੀ ਲਾਗੂ ਕਰਕੇ ਮੋਟੀਵੇਟਰਾ ਨੂੰ ਪੱਕਾ ਰੁਜ਼ਗਾਰ ਦਿੱਤਾ ਜਾਵੇ। ਇਸ ਮੌਕੇ ਜਗਜੀਤ ਸਿੰਘ, ਮਨਦੀਪ ਸਿੰਘ, ਉਪਿੰਦਰ ਕੁਮਾਰ ਆਦਿ ਮੋਟੀਵੇਟਰਾਂ ਨੇ ਯੂਨੀਅਨ ਦੀਆ ਮੰਗਾਂ ਨੂੰ ਪੂਰਾ ਕਰਨ ਦੀ ਮੰਗ ਕੀਤੀ।



ਸਿਕੰਦਰ ਸਿੰਘ, ਰਾਮ ਸਿੰਘ ਕਲਿਆਣ।





ਸਰਵਹਿੱਤਕਾਰੀ ਸਕੂਲ ਦੇ ਵਿਦਿਆਰਥੀਆਂ ਦੀ ਟੂਰ ਦੀ ਸਾਂਝੀ ਤਸਵੀਰ। ਅਜੀਤ ਤਸਵੀਰ

# ਸਰਵਹਿਤਕਾਰੀ ਵਿੱਦਿਆ ਮੰਦਰ ਨੇ ਵਿਦਿਆਰਥੀਆਂ ਦਾ ਇਕ ਦਿਨਾਂ ਟੂਰ ਲਗਾਇਆ

ਰਾਮਪੁਰਾ ਫੂਲ, 8 ਦਸੰਬਰ (ਹੇਮੰਤ ਕੁਮਾਰ ਸ਼ਰਮਾ)- ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਵਿਖੇ ਪ੍ਰਿੰਸੀਪਲ ਰਿਪੰਦਰ ਪਟਿਆਲ ਦੀ ਅਗਵਾਈ ਹੇਠ ਛੇਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਦਾ ਇਕ ਦਿਨਾਂ ਟੂਰ ਲਗਾਇਆ ਗਿਆ। ਇਸ ਟੂਰ ਦਾ ਉਦੇਸ਼ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਬਾਹਰੀ ਮਾਹੌਲ ਵਿਚ ਨਵੇਂ ਤਜਰਬੇ ਦੇਣਾ ਅਤੇ ਟੀਮ ਵਰਕ ਨੂੰ ਉਤਸ਼ਾਹਿਤ ਕਰਨਾ ਸੀ। ਇਸ ਟੂਰ ਦੌਰਾਨ ਵਿਦਿਆਰਥੀਆਂ ਨੇ 'ਸਮੈਸ਼ ਗੇਮ ਆਨ' ਹੰਡਿਆਇਆ ਦਾ ਦੌਰਾ ਕਰਵਾਇਆ। ਇਸ ਦੌਰਾਨ ਵਿਦਿਆਰਥੀਆਂ ਨੇ ਵਾਤਾਵਰਨ ਅਤੇ ਸੱਭਿਆਚਾਰ ਬਾਰੇ ਵੀ ਡੂੰਘਾਈ ਨਾਲ ਜਾਣਕਾਰੀ ਹਾਸਲ ਕੀਤੀ। ਸਕੂਲ ਪ੍ਰਸ਼ਾਸਨ ਅਨੁਸਾਰ ਇਹ ਟੂਰ ਵਿਦਿਆਰਥੀਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਨੂੰ ਧਿਆਨ ਵਿਚ ਰੱਖਦਿਆਂ ਕਰਵਾਇਆ ਗਿਆ ਤਾਂ ਜੋ ਉਹ ਕਿਤਾਬਾਂ ਤੋਂ ਇਲਾਵਾ ਕੁਝ ਨਵਾਂ ਸਿੱਖ ਸਕਣ ਅਤੇ ਆਪਣੀ ਟੀਮ ਭਾਵਨਾ ਨੂੰ ਮਜ਼ਬੂਤ ਕਰ ਸਕਣ। ਵਿਦਿਆਰਥੀਆਂ ਨੇ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਵਿਚ ਭਾਗ ਲੈਂਦਿਆਂ ਵੋਟਿੰਗ ਕੀਤੀ ਅਤੇ ਝੂਲਿਆਂ ਦਾ ਆਨੰਦ ਮਾਣਿਆ। ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਇਸ ਮੌਕੇ ਸਕੂਲ ਦੇ ਕੋਆਰਡੀਨੇਟਰ ਵਿਕਰਮਜੀਤ ਸਿੰਘ, ਅਧਿਆਪਕ ਅਨਮੋਲ ਕੌਸ਼ਲ, ਬਲਜੀਤ ਸਿੰਘ, ਬਲਜਿੰਦਰ ਸਿੰਘ, ਵਿਪਿਨ ਕੁਮਾਰ, ਅਧਿਆਪਕ ਨੀਲਮ ਰਾਣੀ, ਗੀਨਾ ਰਾਣੀ ਹਾਜ਼ਰ ਸਨ ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਗਤੀਵਿਧੀਆਂ ਵਿਚ ਸੇਧ ਦਿੱਤੀ। ਵਿਦਿਆਰਥੀਆਂ ਨੇ ਟੂਰ ਦਾ ਭਰਪੂਰ ਆਨੰਦ ਮਾਣਿਆ ਅਤੇ ਆਪਣੇ ਅਨੁਭਵ ਸਾਂਝੇ ਕੀਤੇ। ਸਕੂਲ ਦੇ ਪ੍ਰਿੰਸੀਪਲ ਨੇ ਕਿਹਾ ਕਿ ਭਵਿੱਖ ਵਿਚ ਵੀ ਅਜਿਹੇ ਵਿੱਦਿਅਕ ਦੌਰਿਆਂ ਦਾ ਆਯੋਜਨ ਕੀਤਾ ਜਾਂਦਾ ਰਹੇਗਾ।



ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਸਨਮਾਨਿਤ ਕਰਦੇ ਹੋਏ ਮੇਲਾ ਪ੍ਰਬੰਧਕ। ਤਸਵੀਰ: ਲਵਲੀ

# ਚੰਗੀਆਂ ਕਿਤਾਬਾਂ ਇਨਸਾਨ ਦੇ ਭਵਿੱਖ ਨੂੰ ਰੌਸ਼ਨ ਕਰਦੀਆਂ ਹਨ- ਕੁਲਤਾਰ ਸਿੰਘ ਸੰਧਵਾਂ

## ਚਾਰ ਰੋਜ਼ਾ 'ਮੇਲਾ ਜਾਗਦੇ ਜੁਗਨੂੰਆਂ ਦਾ' ਸ਼ਾਨੋ ਸ਼ੌਕਤ ਨਾਲ ਸਮਾਪਤ

ਬਠਿੰਡਾ, 8 ਦਸੰਬਰ (ਅੰਮ੍ਰਿਤਪਾਲ ਸਿੰਘ ਵਲ੍ਹਾਣ)- ਚੰਗੀਆਂ ਕਿਤਾਬਾਂ ਜਿੱਥੇ ਇਨਸਾਨ ਦੇ ਭਵਿੱਖ ਨੂੰ ਰੌਸ਼ਨ ਕਰਦੀਆਂ ਹਨ ਉੱਥੇ ਹੀ ਉਸ ਦੀ ਬੌਧਿਕ ਅਮੀਰੀ 'ਚ ਵੀ ਵਾਧਾ ਕਰਦੀਆਂ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਸਥਾਨਕ ਪਾਵਰ ਹਾਊਸ ਰੋਡ 'ਤੇ ਕਰਵਾਏ ਗਏ 'ਮੇਲਾ ਜਾਗਦੇ ਜੁਗਨੂੰਆਂ ਦਾ' 'ਚ ਅਖੀਰਲੇ ਦਿਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਚੇਅਰਮੈਨ ਪੰਜਾਬ ਮੀਡੀਅਮ ਇੰਡਸਟਰੀਜ਼ ਡਿਵੈਲਪਮੈਂਟ ਬੋਰਡ ਨੀਲ ਗਰਗ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਮੌਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸੰਬੋਧਨ ਕਰਦਿਆਂ ਜਿੱਥੇ ਇਸ ਮੇਲੇ ਲਈ ਪ੍ਰਬੰਧਕਾਂ ਵਲੋਂ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ ਉੱਥੇ ਹੀ ਬਠਿੰਡਾ ਵਾਸੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਮੇਲਾ ਆਮ ਲੋਕਾਂ ਨੂੰ ਸਿਹਤਮੰਦ ਭੋਜਨ ਪ੍ਰਤੀ ਜਾਗਰੂਕ ਕਰਨ, ਪੁਰਾਤਨ ਸੱਭਿਆਚਾਰ ਅਤੇ ਸਾਹਿਤ ਨਾਲ ਜੋੜਨ ਲਈ ਕਾਰਗਰ ਸਾਬਿਤ ਹੋਇਆ। ਲਗਾਏ ਗਏ ਇਸ ਚਾਰ ਰੋਜ਼ਾ ਮੇਲੇ ਦੌਰਾਨ ਵੱਖ-ਵੱਖ ਆਰਗੈਨਿਕ ਉਤਪਾਦਾਂ, ਪੁਰਾਤਨ ਵਸਤਾਂ ਅਤੇ ਸਾਹਿਤ ਸਬੰਧੀ ਕਿਤਾਬਾਂ ਦੇ ਸਟਾਲਾਂ, ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਨਾਟਕ, ਕਵਾਲੀਆਂ ਤੋਂ ਇਲਾਵਾ ਸਫਲ ਕਿਸਾਨਾਂ ਤੇ ਹੋਰ ਖੇਤਰ 'ਚ ਮੱਲ੍ਹਾਂ ਮਾਰਨ ਵਾਲੀਆਂ ਮਹਾਨ ਹਸਤੀਆਂ ਵਲੋਂ ਵੀ ਰੂ-ਬ-ਰੂ ਪ੍ਰੋਗਰਾਮ ਵੀ ਪੇਸ਼ ਕੀਤੇ ਗਏ। ਇਸ ਮੌਕੇ ਸੁਖਵਿੰਦਰ ਸਿੰਘ ਸੁੱਖਾ, ਵਕੀਲ ਰਣਬੀਰ ਸਿੰਘ ਗਿੱਲਪੱਤੀ, ਜਗਤਾਰ ਸਿੰਘ ਅਣਜਾਣ, ਹਰਜਿੰਦਰ ਸਿੰਘ ਸਿੱਧੂ, ਉਜਾਗਰ ਸਿੰਘ, ਹਰਮਿਲਾਪ ਗਰੇਵਾਲ, ਪ੍ਰੀਤ ਕੈਂਥ, ਹਰਵਿੰਦਰ ਸਿੰਘ ਆਦਿ ਵਲੋਂ ਸਪੀਕਰ ਸੰਧਵਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

## ਨਗਰ ਕੌਂਸਲ ਤਲਵੰਡੀ ਸਾਬੋ ਚੋਣਾਂ:

# ਤਰੀਕਾਂ ਦਾ ਐਲਾਨ ਹੁੰਦਿਆਂ ਹੀ ਸਿਆਸੀ ਧਿਰਾਂ ਨੇ ਫੜੀ ਤੇਜ਼ੀ

ਤਲਵੰਡੀ ਸਾਬੋ, 8 ਦਸੰਬਰ (ਰਣਜੀਤ ਸਿੰਘ ਰਾਜੂ)- ਪੰਜਾਬ ਦੀਆਂ ਪੰਜ ਨਗਰ ਨਿਗਮਾਂ ਅਤੇ 43 ਨਗਰ ਕੌਂਸਲਾਂ ਦੀਆਂ ਵੋਟਾਂ ਲਈ ਅੱਜ ਤਰੀਕਾਂ ਦਾ ਐਲਾਨ ਹੁੰਦਿਆਂ ਹੀ ਤਲਵੰਡੀ ਸਾਬੋ ਨਗਰ ਕੌਂਸਲ ਦੀ ਚੋਣ ਲਈ ਵੀ ਸਿਆਸੀ ਧਿਰਾਂ ਨੇ ਤੇਜ਼ੀ ਫੜ ਲਈ ਹੈ। ਸੂਤਰਾਂ ਮੁਤਾਬਿਕ ਸਾਰੀਆਂ ਧਿਰਾਂ ਉਮੀਦਵਾਰਾਂ ਦੀਆਂ ਸੂਚੀਆਂ ਨੂੰ ਆਖ਼ਰੀ ਛੋਹਾਂ ਦੇਣ ਲੱਗ ਗਈਆਂ ਹਨ ਅਤੇ ਇਕ ਦੋ ਦਿਨਾਂ 'ਚ ਉਮੀਦਵਾਰਾਂ ਦੇ ਨਾਂ ਸਾਹਮਣੇ ਆ ਸਕਦੇ ਹਨ। ਦੱਸਣਾ ਬਣਦਾ ਹੈ ਕਿ 21 ਦਸੰਬਰ ਨੂੰ ਤਲਵੰਡੀ ਸਾਬੋ ਨਗਰ ਕੌਂਸਲ ਦੇ ਸਾਰੇ 15 ਵਾਰਡਾਂ ਦੇ ਕੌਂਸਲਰ ਚੁਣੇ ਜਾਣ ਲਈ ਵੋਟਾਂ ਪੈਣੀਆਂ ਹਨ। ਉਮੀਦਵਾਰ ਚੁਣਨ ਦੀ ਪ੍ਰਕ੍ਰਿਆ ਦੀ ਗੱਲ ਕਰੀਏ ਤਾਂ ਸੱਤਾਧਿਰ ਆਮ ਆਦਮੀ ਪਾਰਟੀ ਦੀਆਂ ਚੋਣ ਗਤੀਵਿਧੀਆਂ ਪੂਰੀ ਤਰ੍ਹਾਂ ਸਾਹਮਣੇ ਨਹੀ ਆਈਆਂ ਪਰ ਬੀਤੇ ਦਿਨ ਨਗਰ 'ਚ ਵਿਕਾਸ ਕਾਰਜਾਂ ਦੀ ਸ਼ੁਰੂਆਤ ਦੇ ਨੀਂਹ ਪੱਥਰ ਰੱਖਕੇ ਕੈਬਨਿਟ ਰੈਂਕ ਪ੍ਰਾਪਤ ਹਲਕਾ ਵਿਧਾਇਕਾ ਬਲਜਿੰਦਰ ਕੌਰ ਨੇ ਚੋਣ ਬਿਗੁਲ ਜ਼ਰੂਰ ਵਜਾ ਦਿੱਤਾ ਹੈ। ਲੰਘੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਮੁਤਾਬਿਕ ਤਲਵੰਡੀ ਸਾਬੋ ਸ਼ਹਿਰ ਵਿਚੋਂ ਸਭ ਤੋਂ ਵੱਧ ਵੋਟਾਂ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ ਨਗਰ ਕੌਂਸਲ ਚੋਣਾਂ 'ਚ ਵੀ ਸ਼ਾਨਦਾਰ ਪ੍ਰਦਰਸ਼ਨ ਦੀ ਆਸ ਰੱਖ ਕੇ ਚੱਲ ਰਹੀ ਹੈ ਜਦੋਂਕਿ ਲੋਕ ਸਭਾ ਚੋਣਾਂ 'ਚ ਹੀ ਸਮੁੱਚੇ ਵਿਧਾਨ ਸਭਾ ਹਲਕੇ 'ਚੋਂ ਪਹਿਲੇ ਸਥਾਨ 'ਤੇ ਰਹੇ ਸ਼੍ਰੋਮਣੀ ਅਕਾਲੀ ਦਲ ਵਲੋਂ ਹਲਕਾ ਇੰਚਾਰਜ ਰਵੀਪ੍ਰੀਤ ਸਿੰਘ ਸਿੱਧੂ ਨੇ ਉਮੀਦਵਾਰ ਚੁਣਨ ਲਈ ਪਿਛਲੇ ਦਿਨਾਂ ਤੋਂ ਮੀਟਿੰਗਾਂ ਦਾ ਦੌਰ ਆਰੰਭ ਰੱਖਿਆ ਹੈ।

ਉੱਧਰ ਚੋਣ ਤਰੀਕਾਂ ਦਾ ਐਲਾਨ ਹੁੰਦਿਆਂ ਹੀ ਪਿਛਲੇ ਸਮੇਂ 'ਚ ਨਗਰ ਕੌਂਸਲ 'ਤੇ ਕਾਬਿਜ਼ ਰਹੀ ਕਾਂਗਰਸ ਪਾਰਟੀ ਵਲੋਂ ਹਲਕਾ ਇੰਚਾਰਜ ਖੁਸ਼ਬਾਜ ਸਿੰਘ ਜਟਾਣਾ ਦੀ ਅਗਵਾਈ 'ਚ ਅੱਜ ਮੀਟਿੰਗ ਕੀਤੀ ਜਾ ਰਹੀ ਹੈ ਜਿਸ ਵਿੱਚ ਉਮੀਦਵਾਰਾਂ ਦੇ ਨਾਵਾਂ ਤੇ ਮੋਹਰ ਲੱਗਣ ਦੀ ਸੰਭਾਵਨਾ ਹੈ। ਭਾਜਪਾ ਵਲੋਂ ਉਕਤ ਚੋਣਾਂ ਲਈ ਇੰਚਾਰਜ ਲਾਏ ਅਤੇ ਹਲਕੇ ਦੇ ਦੋ ਵਾਰ ਵਿਧਾਇਕ ਰਹੇ ਹਰਮੰਦਿਰ ਸਿੰਘ ਜੱਸੀ ਸਾਬਕਾ ਮੰਤਰੀ ਵਲੋਂ ਵੀ ਉਮੀਦਵਾਰਾਂ ਦੀ ਚੋਣ ਲਈ ਸਥਾਨਕ ਲੀਡਰਸ਼ਿਪ ਨਾਲ ਮੀਟਿੰਗਾਂ ਕੀਤੇ ਜਾਣ ਦੀ ਜਾਣਕਾਰੀ ਸਾਹਮਣੇ ਆਈ ਹੈ ਜਦੋਂਕਿ ਇਸ ਨਗਰ 'ਚ ਬੱਝਵਾਂ ਵੋਟ ਬੈਂਕ ਰੱਖਣ ਵਾਲੀ ਅਤੇ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦੀ ਬਹੁਜਨ ਸਮਾਜ ਪਾਰਟੀ ਦੀ ਅਜੇ ਕੋਈ ਗਤੀਵਿਧੀ ਦਿਖਾਈ ਨਹੀਂ ਦਿੱਤੀ ਹਾਲਾਂਕਿ ਗੱਲਬਾਤ ਦੌਰਾਨ ਬਸਪਾ ਦੇ ਸੂਬਾਈ ਆਗੂ ਮਾ.ਜਗਦੀਪ ਸਿੰਘ ਗੋਗੀ ਅਤੇ ਲਖਵੀਰ ਸਿੰਘ ਨਿੱਕਾ ਨੇ ਕਿਹਾ ਕਿ ਉਨ੍ਹਾਂ ਦੀਆਂ ਤਿਆਰੀਆਂ ਪੂਰੀਆਂ ਹਨ ਬਸ ਆਲਾਕਮਾਨ ਦੇ ਹੁਕਮਾਂ ਦੀ ਉਡੀਕ ਹੈ। ਤਰੀਕਾਂ ਦਾ ਐਲਾਨ ਹੋ ਜਾਣ ਨਾਲ ਭਾਵੇਂ ਇਕ ਸਾਲ ਪਹਿਲਾਂ ਭੰਗ ਹੋ ਚੁੱਕੀ ਨਗਰ ਕੌਂਸਲ ਦੀ ਚੋਣ ਲਈ ਤਾਂ ਰਾਹ ਪੱਧਰਾ ਹੋ ਗਿਐ ਪਰ ਹੁਣ ਲੋਕ ਸਿਆਸੀ ਧਿਰਾਂ ਵਲੋਂ ਕੀਤੇ ਜਾਣ ਵਾਲੇ ਉਮੀਦਵਾਰਾਂ ਦੇ ਐਲਾਨ ਦੀ ਬੇਸਬਰੀ ਨਾਲ ਉਡੀਕ ਕਰਨ ਲੱਗ ਗਏ ਹਨ।

## ਸ਼ਹੀਦੀ ਦਿਵਸ 'ਤੇ ਵਿਸ਼ੇਸ਼-

# ਸ਼ਹੀਦ ਕਰਮ ਸਿੰਘ ਨਰੂਆਣਾ

ਬਠਿੰਡਾ, 8 ਦਸੰਬਰ (ਅੰਮ੍ਰਿਤਪਾਲ ਸਿੰਘ ਵਲ੍ਹਾਣ)- ਸ਼ਹੀਦ ਕਰਮ ਸਿੰਘ ਨਰੂਆਣਾ (ਸਮੁੰਦਰੀ ਸੈਨਾ) ਬਠਿੰਡਾ ਜ਼ਿਲ੍ਹੇ ਦੇ ਇਕੋ-ਇਕ ਜਲ ਸੈਨਿਕ ਸ਼ਹੀਦ ਹਨ। ਜਿਨ੍ਹਾਂ ਦਾ ਜਨਮ 8 ਅਗਸਤ 1947 ਨੂੰ ਜੱਗਰ ਸਿੰਘ ਦੇ ਘਰ ਪਿੰਡ ਨਰੂਆਣਾ ਵਿਖੇ ਹੋਇਆ। ਕਰਮ ਸਿੰਘ ਨੇ ਬਾਰ੍ਹਵੀਂ ਤੱਕ ਦੀ ਪੜ੍ਹਾਈ ਸਾਲ 1965 ਵਿਚ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ ਤੋਂ ਕੀਤੀ ਅਤੇ ਅਗਲੇ ਸਾਲ 1966 ਵਿਚ ਭਾਰਤੀ ਜਲ ਸੈਨਾ ਵਿਚ ਭਰਤੀ ਹੋ ਕੇ ਮੁੰਬਈ ਚਲੇ ਗਏ। ਉਨ੍ਹਾਂ ਦਾ ਵਿਆਹ ਸੁਖਦੇਵ ਕੌਰ ਨਾਲ ਹੋਇਆ। ਸੰਨ 1971 ਦੀ ਭਾਰਤ-ਪਾਕਿਸਤਾਨ ਜੰਗ ਸਮੇਂ ਕਰਮ ਸਿੰਘ 9 ਦਸੰਬਰ 1971 ਨੂੰ ਆਈ. ਐਨ. ਐਸ. ਖੁਕਰੀ ਨਾਮੀ ਸਮੁੰਦਰੀ ਜਹਾਜ਼ ਉੱਪਰ ਹੋਏ ਹਮਲੇ ਦੌਰਾਨ ਸ਼ਹੀਦ ਹੋ ਗਏ। ਸ਼ਹੀਦ ਦੀ ਯਾਦ ਨੂੰ ਅਮਰ ਰੱਖਣ ਲਈ ਪੰਜਾਬ ਸਰਕਾਰ ਨੇ ਨਰੂਆਣਾ ਤੋਂ ਜੋਧਪੁਰ ਰੋਮਾਣਾ ਸੜਕ ਅਤੇ ਪਿੰਡ ਦੇ ਸੀਨੀਅਰ ਸੈਕੰਡਰੀ ਸਕੂਲ ਦਾ ਨਾਮ ਸ਼ਹੀਦ ਕਰਮ ਸਿੰਘ ਰੱਖ ਕੇ ਪਰਿਵਾਰ ਅਤੇ ਪਿੰਡ ਨੂੰ ਮਾਣ ਬਖ਼ਸ਼ਿਆ। ਲੇਖਕ ਲਾਭ ਸਿੰਘ ਸੰਧੂ ਨੇ ਜ਼ਿੰਦਗੀ-ਨਾਮਾ ਸ਼ਹੀਦ ਕਰਮ ਸਿੰਘ ਪੁਸਤਕ ਸੰਪਾਦਕ ਕੀਤੀ। ਪਿੰਡ ਦੀ ਪੰਚਾਇਤ ਅਤੇ ਸਾਬਕਾ ਫ਼ੌਜੀਆਂ ਨੇ ਸ਼ਹੀਦ ਦਾ ਬੁੱਤ ਸਥਾਪਿਤ ਕੀਤਾ। ਇਸ ਵਾਰ ਵੀ ਸ਼ਹੀਦ ਕਰਮ ਸਿੰਘ ਦਾ ਪਿੰਡ ਵਿਚ ਸ਼ਹੀਦੀ ਸਮਾਗਮ 9 ਦਸੰਬਰ 2024 ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।



ਸ਼ਹੀਦ ਕਰਮ ਸਿੰਘ ਨਰੂਆਣਾ।


ਸੰਪਾਦਕ-ਰਾਜਿੰਦਰ ਸਿੰਘ। ਪ੍ਰਕਾਸ਼ ਕੌਰ ਹਮਦਰਦ, ਪ੍ਰਿੰਟਰ, ਪਬਲਿਸ਼ਰ ਤੇ ਸੈਕਟਰੀ ਟਰੱਸਟ ਨੇ ਸਾਧੂ ਸਿੰਘ ਹਮਦਰਦ ਟਰੱਸਟ ਲਈ ਡੇਲੀ ਅਜੀਤ ਪ੍ਰਿੰਟਰਜ਼, ਲਿੱਧੜਾਂ, ਜਲੰਧਰ ਤੋਂ ਛਪਵਾ ਕੇ ਸ਼ਾਪ ਨੰ: 72, ਸੁਭਾਸ਼ ਮਾਰਕੀਟ, ਮਾਲ ਰੋਡ, ਬਠਿੰਡਾ ਤੋਂ ਪ੍ਰਕਾਸ਼ਤ ਕੀਤਾ।
ਆਰ. ਐਨ. ਆਈ. ਰਜਿਸਟ੍ਰੇਸ਼ਨ ਨੰ: PUNPUN/2017/70557

Editor- Rajinder Singh. Printer, Publisher and Secretary Parkash Kaur Hamdard. Printed for Sadhu Singh Hamdard Trust at Daily Ajit Printers, Lidhran, Jalandhar and Published from Shop No. 72, Subhash Market, Mall Road, Bathinda. RNI Regd. No:- PUNPUN/2017/70557